# ਬਾਂਦਰ (Monkey)

ਇੱਕ ਵਾਰ ਇੱਕ ਬਾਂਦਰ ਨੇ ਇਕ ਬਿਜੜੇ ਨਾਲ ਦੋਸਤੀ ਪਾ ਲਈ ।
ਬਿਜੜੇ ਨੇ ਬਹੁਤ ਮਿਹੱਨਤ ਨਾਲ ਆਪਣਾ ਆਲਣਾ ਬਣਾਇਆ ਹੋਇਆ ਸੀ ।
ਜਦੋ ਕਦੇ ਧੁਪ ਹੁੰਦੀ ਤਾ ਬਿਜੜਾ ਆਪਣੇ ਆਲਣੇ ਵਿਚ ਅਰਾਮ ਕਰਦਾ ਸੀ ।
ਜਦੋ ਕਦੇ ਮੀਹ ਪੈਦਾ ਤਾ ਬਿਜੜਾ ਆਪਣੇ ਆਲਣੇ ਵਿਚ ਲੁਕ ਜਾਂਦਾ ਸੀ ।
ਬਿਜੜੇ ਦੇ ਛੋਟੇ ਛੋਟੇ ਬੱਚੇ ਵੀ ਉਸ ਆਲਣੇ ਵਿੱਚ ਹੀ ਰਹਿੰਦੇ ਸੀ ।

ਦੂਜੇ ਪਾਸੇ ਬਾਂਦਰ ਸਾਡੇ ਛੋਟੇ ਪੱਪੂ ਵੱਰਗਾ ਸੀ ।
ਬਾਂਦਰ ਨੇ ਕੋਈ ਰਹਿਣ ਲਈ ਟਿਕਾਣਾ ਨਹੀ ਸੀ ਬਣਾਇਆ ।
ਇਧਰ-ਉਧਰ ਦੀਆ ਮਾਰ ਕੇ ਵਿਹਲਾ ਘੁਮਦਾ ਰਹਿਦਾ ਸੀ ।
ਕਦੇ ਇਸ ਦਰੱਖਤ ਤੇ ਬੈਠ ਗਿਆ, ਅਤੇ ਕਦੇ ਉਸ ਦਰੱਖਤ ਤੇ ।
ਬਾਂਦਰ ਨੇ ਧੁਪ-ਮੀਹ ਵਿਚ ਲੁਕਣ ਦੀ ਜਗ੍ਹਾ ਵੀ ਨਹੀ ਬਣਾਈ ਸੀ ।

ਲੌਗਂ-ਵੀਕ-ਐਡਂ ਤੇ ਬਿਜੜੇ ਨੇ ਬਾਂਦਰ ਨੂੰ ਆਪਣੇ ਘਰ ਬਲਾਇਆ ।
ਬਿਜੜਾ ਕਹਿਦਾ ਮੇਰੀ ਘਰਵਾਲੀ ਬਹੁਤ ਵਧੀਆ ਰੋਟੀ ਬਣਾਉਦੀਆ ।
ਇਸ ਕਰਕੇ ਤੂੰ ਸਾਡੇ ਘਰ ਜਰੂਰ ਆਈ, ਤੇ ਬਾਂਦਰ ਚਲਿਆ ਗਿਆ ।
ਬਾਂਦਰ ਵੀ ਉਸੇ ਦਰੱਖਤ ਤੇ ਬੈਠ ਗਿਆ ਜਿਥੇ ਬਿਜੜੇ ਦਾ ਆਲਣਾ ਸੀ ।
ਇੰਨੇ ਨੂੰ ਬਹੁਤ ਜੋਰ ਦੀ ਮੀਹ, ਅਨੇਰੀ ਤੇ ਗੜੇ ਪੈਣ ਲੱਗ ਪਏ ।

ਬਿਜੜਾ ਭੱਜ ਕੇ ਆਪਣੇ ਆਲਣੇ ਵਿਚ ਚਲਾ ਗਿਆ ।
ਬਾਂਦਰ ਬਾਹਰ ਬੈਠਾ ਠੰਢ ਨਾਲ ਜੁੜ ਗਿਆ ਤੇ ਕੰਬਣ ਲੱਗਿਆ ।
ਬਿਜੜਾ ਬਾਂਦਰ ਨੂੰ ਕਹਿਣ ਲੱਗਿਆ, “ਬਾਂਦਰ ਮੇਰੇ ਦੋਸਤ ਤੂੰ ਇਥੇ ਬੈਠਾ ਕਿਉ ਕੰਬ ਰਿਹਾ, ਆਪਣੇ ਘਰ ਚਲਿਆ ਜਾਹ” ।

ਬਾਂਦਰ ਕਹਿਦਾ,”ਮੈ ਤਾ ਆਪਣਾ ਘਰ ਨਹੀ ਬਣਾਇਆ”

ਬਿਜੜਾ ਸੁਣ ਕੇ ਬਹੁਤ ਹੈਰਾਨ ਹੋਇਆ ਅਤੇ ਆਪਣੇ ਦੋਸਤ ਬਾਂਦਰ ਨੂੰ ਹੋਰ ਨਸੀਅਤਾ ਦੇਣ ਲੱਗਿਆ । ਤੂੰ ਇੰਝ-ਕਰ, ਤੂੰ ਉਝ-ਕਰ ।

Updated: June 24, 2007

ਬਾਂਦਰ ਨੂੰ ਬਹੁਤ ਗੁਸਾ ਆਇਆ । ਬਾਂਦਰ ਨੇ ਗੁਸੇ ਵਿਚ ਆ ਕੇ ਬਿਜੜੇ ਦਾ ਆਲਣਾ ਵੀ ਢਾਹ ਦਿਤਾ । ਬਿਜੜਾ ਵਿਚਾਰਾ ਆਪਣੇ ਮੂਰਖ ਦੋਸਤ ਦੀ ਹਰਕੱਤ ਤੇ ਬਹੁਤ ਦੁਖੀ ਹੋਇਆ ਅਤੇ ਪੱਛਤਾਉਣ ਲੱਗਾ। ਬਿਜੜੇ ਤੇ ਬਾਂਦਰ ਦੀ ਦੋਸਤੀ ਖੱਤਮ ਹੋ ਗਈ ।

ਸਿੱਟਾ: ਕਿਸੇ ਨੂੰ ਮੁਫਤ ਸਲਾਹ ਨਹੀ ਦਈਦੀ ।

ਫਿਰ ਬਾਂਦਰ ਨੇ ਇਕ ਮਗਰ-ਮੱਛ ਨਾਲ ਦੋਸਤੀ ਪਾ ਲਈ ।
ਬਾਂਦਰ ਇਕ ਬਹੁਤ ਸੋਹਣੀ ਬੀਚ ਤੇ ਜਾ ਕੇ ਰਹਿਣ ਲੱਗ ਪਿਆ ।
ਮਗਰ-ਮੱਛ ਹਰਰੋਜ ਉਸ ਨੂੰ ਮਿਲਣ ਆਉਦਾ ।
ਦੋਨੋ ਰਲ ਕੇ ਇੰਨਟਰਨੈਟ ਤੇ ਪੋਕਰ (**Poker**) ਖੇਡਦੇ ।

ਮਗਰ-ਮੱਛ ਹਰਰੋਜ ਬਾਂਦਰ ਨੂੰ ਪਿਠ ਤੇ ਬਿਠਾ ਕੇ ਝਾਂਟੀ ਦਿੰਦਾ ਸੀ ।
ਕਈ ਵਾਰ ਸਾਰੀ-ਸਾਰੀ ਰਾਤ ਪੋਕਰ **(Poker)** ਖੇਡਦੇ ਰਹਿਦੇ ।
ਮਗਰ-ਮੱਛ ਕਦੇ-ਕਦੇ ਘਰ ਵੀ ਬਹੁਤ ਲੇਟ ਪਹੁਚਣ ਲੱਗਾ ।
ਮਗਰ-ਮੱਛੀ ਇਸ ਕਰਕੇ ਮਗਰ-ਮੱਛ ਨਾਲ ਬਹੁਤ ਔਖੀ ਹੋਈ ।
ਉਸ ਨੇ ਸੋਚਿਆ ਮਗਰ-ਮੱਛ ਨੂੰ ਕਿਸੇ ਤਰਾ ਬਾਂਦਰ ਕੋਲ ਜਾਣ ਤੇ ਰੋਕਿਆ ਜਾਵੇ ।

ਮਗਰ-ਮੱਛੀ ਜਾਣ ਬੁਝ ਕੇ ਬਿਮਾਰ ਹੋ ਕੇ ਪੈ ਗਈ ।
ਜਦੋ ਮਗਰ-ਮੱਛ ਆਇਆ ਤਾ ਕਹਿੰਣ ਲੱਗੀ ਕਿ ਮੈ ਤਾ ਬਚੂ ਜੇ ਮੈਨੂੰ ਬਾਂਦਰ ਦਾ ਦਿਲ ਖਾਣ ਲਈ ਮਿਲੇ ।
ਮਗਰ-ਮੱਛ ਸੋਚ ਵਿਚ ਪੈ ਗਿਆ ਅਤੇ ਕਹਿਣ ਲੱਗਾ ਮੈ ਤੈਨੂੰ ਆਪਣੇ ਦੋਸਤ ਬਾਂਦਰ ਦਾ ਦਿਲ ਲਿਆ ਕੇ ਹੁਣੇ ਖੁਆ ਦਿੰਨਾ ।

ਮਗਰ-ਮੱਛ ਬਾਂਦਰ ਨੂੰ ਲੈਣ ਲਈ ਫਿਰ ਬੀਚ ਤੇ ਚਲਾ ਗਿਆ ।
ਮਗਰ-ਮੱਛ ਨੇ ਬਾਂਦਰ ਨੂੰ ਆਪਣੀ ਪਿਠ ਤੇ ਬਿਠਾਇਆ, ਅਤੇ ਘਰ ਨੂੰ ਤੁਰ ਪਿਆ ।
ਬਾਂਦਰ ਨੇ ਰਾਸਤੇ ਵਿਚ ਮਗਰ-ਮੱਛ ਨੂੰ ਆਪਣੀ ਭਾਬੀ (ਮੱਛੀ) ਦਾ ਹਾਲ ਪੁਛਿਆ ।
ਮਗਰ-ਮੱਛ ਕਹਿੰਦਾ ਉਹ ਬਿਮਾਰ ਹੈ, ਅਤੇ ਠੀਕ ਹੋ ਜਾਵੇਗੀ ਜੇ ਤੂੰ ਉਸ ਨੂੰ ਆਪਣਾ ਦਿਲ ਖਾਣ ਲਈ ਦੇ ਦੇਵੇ ।

ਬਾਂਦਰ ਸੱਮਜ ਗਿਆ ਕਿ ਮਾਮਲਾ ਗੱੜ-ਬੱੜ ਹੈ ।
ਬਾਂਦਰ ਨੇ ਚੁਸਤੀ ਵੱਰਤੀ ਅਤੇ ਮਗਰ-ਮੱਛ ਨੂੰ ਕਹਿਦਾ ਕਿ ਮੈ ਆਪਣਾ ਦਿਲ ਘਰ (ਦਰੱਖਤ) ਤੇ ਰੱਖ ਆਇਆ । ਇਸ ਲਈ ਪਹਿਲਾ ਆਪਾ ਵਾਪਸ ਜਾ ਕੇ ਦਿਲ ਚੁਕ ਲਿਆਈਏ । ਨਹੀ ਤਾਂ ਭਾਬੀ ਜੀ ਨਰਾਜ ਹੋ ਜਾਣਗੇ ।

ਮਗਰ-ਮੱਛ ਵਾਪਸ ਬੀਚ ਵੱਲ ਨੂੰ ਤੁਰ ਪਿਆ ।
ਜਿਉ ਜੀ ਉਹ ਬੀਚ ਤੇ ਪਹੁਚੇ, ਬਾਂਦਰ ਛਾਲ ਮਾਰ ਕੇ ਦਰੱਖਤ ਤੇ ਚੱੜ ਗਿਆ ।
ਮੁੜ ਕੇ ਵਾਪਸ ਮਗਰ-ਮੱਛ ਕੋਲ ਨਹੀ ਆਇਆ ।

ਸਿੱਟਾ: ਮੱਤਲਵੀ ਦੋਸਤਾ ਤੋ ਬਚੋ । **(difficult to figure out!)**

ਫਿਰ ਬਾਂਦਰ ਕਿਸੇ ਹੋਰ ਦੋਸਤ ਦੀ ਭਾਲ ਤੁਰ ਪਿਆ।
ਰਾਸਤੇ ਵਿਚ ਉਸਨੂੰ ਦੋ ਬਿਲੀਆ ਮਿਲੀਆ ।
ਦੋਨੋ ਬਿਲੀਆ ਕੋਲ ਇਕ ਰੋਟੀ ਸੀ ।
ਬਿਲੀਆ ਆਪਸ ਵਿਚ ਲੱੜ ਰਹੀਆ ਸੱਨ ।

ਬਾਂਦਰ ਕਹਿਦਾ ਭਾਈ ਬਿਲੀਓ-ਬਿਲੀਓ ਮੈ ਤੁਹਾਡੀ ਰੋਟੀ ਵੰਡ ਦਿਨਾ ।
ਬਿਲੀਆ ਬਾਂਦਰ ਦੀ ਗੱਲ ਤੇ ਬਹੁਤ ਖੁਸ ਹੋਈਆ ।
ਦੋਨਾ ਬਿਲੀਆ ਨੇ ਰੋਟੀ ਬਾਂਦਰ ਨੂੰ ਫੜਾ ਦਿਤੀ ।

ਬਾਂਦਰ ਨੇ ਰੋਟੀ ਨੂੰ ਦੋ ਹਿਸਿਆ ਵਿਚ ਵੰਡ ਦਿਤਾ ।
ਇਕ ਹਿਸਾ ਵੱਡਾ ਸੀ ਅਤੇ ਦੂਸਰਾ ਛੋਟਾ ਸੀ ।
ਇਕ ਬਿਲੀ ਕਹਿਦੀ ਮੇਰੇ ਵਾਲਾ ਹਿਸਾ ਛੋਟਾ, ਬਿਲੀਆ ਫਿਰ ਲੱੜ ਪਈਆ ।

ਬਾਂਦਰ ਕਹਿਦਾ ਕਿ ਮੈ ਵੱਡੀ ਰੋਟੀ ਵਿਚੋ ਥੋੜਾ ਖਾ ਲੈਨਾ,
ਉਹ ਦੂਸਰੀ ਦੇ ਬਰਾਬਰ ਹੋ ਜਾਊ ।

ਬਾਂਦਰ ਨੇ ਵੱਡੀ ਰੋਟੀ ਨੂੰ ਦੰਦੀ ਵੱਡ ਕੇ ਦੂਜੀ ਨਾਲੋ ਛੋਟੀ ਕਰ ਦਿਤੀ ।
ਬਿਲੀਆ ਫਿਰ ਲੱੜ ਪਈਆ, ਬਾਂਦਰ ਨੇ ਫਿਰ ਉਹੀ ਕੀਤਾ ।

ਕਰਦੇ-ਕਰਦੇ ਬਾਂਦਰ ਸਾਰੀ ਰੋਟੀ ਖਾ ਗਿਆ ।
ਬਿਲੀਆ ਵਿਚਾਰੀਆ ਦੇਖ ਦੀਆ ਰਹਿ ਗਈਆ ।

ਸਿੱਟਾ : ਕਈ ਲੋਕ ਦੂਜੇ ਦੀ ਲੜਾਈ ਦਾ ਫਾਇਦਾ ਲੈ ਜਾਦੇ ਹੱਨ, ਇਸ ਲਈ ਸਾਨੂੰ ਲੱੜਨਾ ਨਹੀ ਚਾਹੀਦਾ ।

ਫਿਰ ਬਾਂਦਰ ਆਪਣਾ ਢਿੱਡ ਭਰ ਕੇ ਜੰਗਲ ਵੱਲ ਨੂੰ ਤੁਰ ਪਿਆ ।
ਜੰਗਲ ਵਿਚ ਸ਼ੇਰ ਸੁਤਾ ਪਿਆ ਸੀ ।
ਬਾਂਦਰ ਨੇ ਸ਼ੇਰ ਦੀ ਪੂਛ ਕੱਟ ਲਈ, ਅਤੇ ਸਹਿਰ ਨੂੰ ਭੱਜ ਗਿਆ ।

ਜਦੋ ਸ਼ੇਰ ਸੁਤਾ ਪਿਆ ਉਠਿਆ, ਅਤੇ ਆਪਣੀ ਪੂਛ ਵੱਲ ਦੇਖਿਆ ।
ਸ਼ੇਰ ਬਾਂਦਰ ਨੂੰ ਲੱਭਣ ਲਈ ਸਹਿਰ ਵੱਲ ਨੂੰ ਤੁਰ ਪਿਆ ।
ਬਾਂਦਰ ਨੂੰ ਪਤਾ ਚੱਲ ਗਿਆ ਕਿ ਸ਼ੇਰ ਉਸ ਨੂੰ ਲੱਭਣ ਆ ਰਿਹਾ ਹੈ ।

ਬਾਂਦਰ ਇਕ ਕੁਰਸੀ ਉਪਰ ਇਕ ਅੱਖਬਾਰ ਲੈ ਕੇ ਸ਼ੇਰ ਦੇ ਰਾਸਤੇ ਵਿਚ ਬੈਠ ਗਿਆ।
ਸ਼ੇਰ ਨੇ ਸੋਚਿਆ ਕਿ ਸ਼ਾਇਦ ਕੋਈ ਆਦਮੀ ਬੈਠਾ ਅਖਬਾਰ ਪੜ ਰਿਹਾ ।
ਸ਼ੇਰ ਕਹਿਣ ਲੱਗਾ, “ਜਨਾਬ ਤੁਸੀ ਕੋਈ ਇਸ ਤਰਫ ਬਾਂਦਰ ਦੇਖਿਆ”

ਬਾਂਦਰ ਅਖਬਾਰ ਵੱਲ ਦੇਖ ਕੇ ਕਹਿਣ ਲੱਗਾ ਕਿ ਤੁਸੀ ਉਸ ਬਾਂਦਰ ਵਾਰੇ ਤਾ ਨਹੀ ਪੁਛ ਰਹੇ ਜੋ ਹੁਣੇ-ਹੁਣੇ ਸ਼ੇਰ ਦੀ ਪੂਛ ਕੱਟ ਕੇ ਲਿਆਇਆ ।

ਸ਼ੇਰ ਨੇ ਹੈਰਾਨ ਹੋ ਕੇ ਪੁਛਿਆ, “ਜਨਾਬ ਅਖਬਾਰ ਵਿੱਚ ਵੀ ਆ ਗਈ”
ਵਿਚਾਰਾ ਸ਼ੇਰ ਨਿਰਾਸ ਹੋ ਕੇ ਵਾਪਸ ਜੰਗਲ ਚਲਾ ਗਿਆ ।

ਸਿੱਟਾ ( 1 ) : ਦਿਨੇ ਬਾਹਰ ਨਹੀ ਸੌਣਾ ਚਾਹੀਦਾ ।
( 2 ) : ਬਾਂਦਰ ਸ਼ੇਰ ਨਾਲ ਪੰਗਾ ਲੈ ਕੇ ਬੰਦਾ ਬਣ ਗਿਆ ।

ਲੋਰੀ: ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌ ਜਾਈਦਾ - ਦੂਜਿਆ ਦੀ ਨੀਦ ਖਰਾਬ ਨਹੀ ਕਰੀਦੀ ।

**Archived at: www.geocities.com/new_punjabi_songs**
**Written by: Dr. Sarjinder Singh, Assistant Professor, St. Cloud State University, St. Cloud, MN, USA**
**Note: All opinions are of author's own.**

**Updated: June 24, 2007**